## ਪਛੜੀਆਂ ਸ੍ਰੇਣੀਆਂ ਅਤੇ ਆਰਥਿਕ ਤੌਰ ਤੇ ਕਮਜੋਰ ਵਰਗ ਨਾਲ ਸਬੰਧਤ ਪਰਿਵਾਰਾ ਦੀਆਂ ਪ੍ਰਾਇਮਰੀ ਪੱਧਰ ਤੇ ਪੜ੍ਹ ਰਹੀਆਂ ਲੜਕੀਆਂ ਨੂੰ ਹਾਜ਼ਰੀ ਵਜੀਫਾ ਦੇਣ ਦੀ ਸਕੀਮ

### ਜਾਣ ਪਹਿਚਾਣ

ਇਹ ਵੇਖਣ ਵਿੱਚ ਆਇਆ ਹੈ ਕਿ ਪਛੜੀਆਂ ਸ੍ਰੇਣੀਆਂ ਅਤੇ ਆਰਥਿਕ ਤੌਰ ਤੇ ਕਮਜੋਰ ਵਰਗ ਨਾਲ ਸਬੰਧ ਪ੍ਰਰਿਵਾਰਾ ਦੀਆਂ ਉਹ ਲੜਕੀਆਂ ਵਿਦਿਅਕ ਸੰਸਥਾਵਾਂ ਵਿੱਚ ਪੜ੍ਹਨ ਨਹੀ ਜਾ ਸਕਦੀਆਂ ਜਿੰਨੀ ਇਹਨਾਂ ਦੀ ਅਬਾਦੀ ਹੈ, ਕਿਉਕਿ ਉਹਨਾਂ ਦੇ ਮਾਪੇ ਬਹੁਤ ਗਰੀਬ ਹਨ ਅਤੇ ਉਹ ਲੜਕੀਆਂ ਦੀ ਪੜ੍ਹਾਈ ਵੱਲ ਜਿਆਦਾ ਧਿਆਨ ਨਹੀ ਦਿੰਦੇ ਕਿਉਕਿ ਜੇਕਰ ਇਹ ਲੜਕੀਆਂ ਸਕੂਲਾਂ ਵਿੱਚ ਦਾਖਲਾ ਪ੍ਰਾਪਤ ਕਰਦੀਆਂ ਹਨ ਤਾਂ ਉਹ ਪੜ੍ਹਾਈ ਬਹੁਤ ਕਾਰਣਾਂ ਕਰਕੇ ਵਿੱਚ ਹੀ ਛੱਡ ਜਾਂਦੀਆਂ ਹਨ। ਜਿਵੇਂ ਕਿ ਛੋਟੇ ਮੋਟੇ ਕੰਮ ਕਰਕੇ/ਪਰਿਵਾਰਾਂ ਦੀ ਆਮਦਨ ਵਿੱਚ ਵਾਧਾ ਕਰਨ ਜਾਂ ਘਰੇਲੂ ਕੰਮ ਕਰਕੇ ਜਦੋ ਉਨਾਂ ਦੇ ਮਾਪੇ ਮਜਦੂਰੀ/ਕੰਮ ਆਦਿ ਤੇ ਜਾਂਦੇ ਹਨ। ਇਹਨਾਂ ਹਲਾਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਰਾਜ ਸਰਕਾਰ ਵਲੋਂ ਪ੍ਰਾਇਮਰੀ ਕਲਾਸਾਂ ਵਿੱਚ ਪੜ੍ਹ ਰਹੀਆਂ ਲੜਕੀਆਂ ਵਾਸਤੇ ਡਰਾਪ ਅਉਟ-ਮੁਢਲੀ ਸਟੇਜ ਤੇ ਰੋਕਣ ਲਈ ਕਦਮ ਚੁੱਕੇ ਹਨ।

### ਸਕੀਮ ਨੂੰ ਸ਼ੁਰੂ ਕਰਨ ਦਾ ਸਾਲ

ਰਾਜ ਸਰਕਾਰ ਵਲੋ ਪਛੜੀਆਂ ਸ੍ਰੇਣੀਆਂ ਅਤੇ ਆਰਥਿਕ ਤੌਰ ਤੇ ਕਮਜੋਰ ਵਰਗ ਨਾਲ ਸਬੰਧਤ ਗਰੀਬ ਪ੍ਰਰਿਵਾਰਾ ਦੀਆਂ ਲੜਕੀਆ ਲਈ ਹਾਜਰੀ ਵਜੀਫਾ ਸਕੀਮ ਸਾਲ 2011-12 ਤੋ ਲਾਗੂ ਕੀਤੀ ਗਈ ਹੈ ਜੋ ਕਿ ਕਾਫੀ ਲਾਹੇ ਵੰਦ ਸਾਬਿਤ ਹੋਈ ਹੈ ਅਤੇ ਜਿਸ ਮੰਤਵ ਲਈ ਇਹ ਸਕੀਮ ਲਾਗੂ ਕੀਤੀ ਸੀ ਉਸ ਨਾਲ ਪਛੜੀਆਂ ਸ੍ਰੇਣੀਆਂ ਅਤੇ ਆਰਥਿਕ ਤੌਰ ਤੇ ਕਮਜ਼ੋਰ ਵਰਗ ਨਾਲ ਸਬੰਧਤ ਪਰਿਵਾਰਾ ਦੀਆਂ ਲੜਕੀਆਂ ਨੂੰ ਪ੍ਰਾਇਮਰੀ ਪੱਧਰ ਤੇ ਪੜ੍ਹਨ ਲਈ ਉਤਸਾਹਿਤ ਕਰਨ ਕਾਫੀ ਲਾਭ ਹੋਇਆਂ ਹੈ ਅਤੇ ਇਸ ਦਾ ਮੰਤਵ ਪੂਰਾ ਹੋਇਆਂ ਹੈ।

### ਸਕੀਮ ਦੇ ਨਾਰਮਜ

ਇਸ ਸਕੀਮ ਅਧੀਨ 50/-ਰੁਪਏ ਪ੍ਰਤੀ ਮਹੀਨਾ ਪ੍ਰਤੀ ਵਿਦਿਆਰਥਣ ਸਾਲ ਵਿੱਚ 10 ਮਹੀਨਿਆਂ ਲਈ ਪਛੜੀਆਂ ਸ੍ਰੇਣੀਆਂ ਅਤੇ ਆਰਥਿਕ ਤੌਰ ਤੇ ਕਮਾਜੋਰ ਵਰਗ ਨਾਲ ਸਬੰਧਤ ਲੜਕੀਆਂ ਨੂੰ ਹਾਜਰੀ ਵਜੀਫਾ ਦਿੱਤਾ ਜਾਦਾ ਹੈ,ਜਿਹੜੀਆਂ ਕਿ ਪੰਜਾਬ ਰਾਜ ਦੀਆ ਵਸਨੀਕ ਹਨ ਅਤੇ ਪ੍ਰਾਇਮਰੀ ਕਲਾਸਾਂ ਵਿੱਚ ਪੜਦੀਆਂ ਹਨ ਅਤੇ ਇਸ ਤੋ ਇਲਾਵਾ ਹੇਠ ਲਿਖੀਆਂ ਸ਼ਰਤਾਂ ਪੂਰੀਆਂ ਕਰਦੀਆਂ ਹਨ:-

1. ਉਹਨਾਂ ਦੇ ਮਾਪੇ ਸਰਪ੍ਰਸਤ ਦੀ ਸਲਾਨਾ ਆਮਦਨ 1 ਲੱਖ ਤੋ ਜਿਆਦਾ ਨਹੀ ਹੋਣੀ ਚਾਹੀਦੀ:
2. ਉਹਨਾਂ ਦੇ ਮਾਪੇ ਸਰਪ੍ਰਸਤ ਦੀ ਪੰਜ ਏਕੜ ਤੋ ਵੱਧ ਜਮੀਨ ਨਾ ਹੋਵੇ;
3. ਵਜੀਫਾ ਪ੍ਰਾਪਤ ਕਰਨ ਲਈ ਘੱਟੋ -ਘੱਟ 75% ਹਾਜਰੀਆਂ ਹੋਣੀਆਂ ਚਾਹੀਦੀਆਂ ਹਨ;
4. ਜਿਨਾਂ ਲੜਕੀਆਂ ਨੂੰ ਹੋਰ ਸਕਾਲਰਸ਼ਿਪ ਸਕੀਮ ਅੰਦਰ ਦਾ ਲਾਭ ਮਿਲ ਰਿਹਾ ਹੈ ਉਹ ਇਸ ਸਕੀਮ ਤਹਿਤ ਕਵਰ ਨਹੀ ਹੋਣਗੀਆਂ।।